BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਟ੍ਰਾਂਜ਼ਿਟ ਅਤੇ ਟ੍ਰਾਂਸਹੈਲਪ, ਐਕਸੈਸੀਬਿਲਿਟੀ ਐਪ ਦੇ ਨਾਲ ਭਾਈਵਾਲੀ ਕਰਕੇ ਸ਼ਮੂਲੀਅਤ ਦਾ ਸਮਰਥਨ ਕਰਦੇ ਹਨ

ਬ੍ਰੈਂਪਟਨ, ਓਨਟੈਰੀਓ (26 ਸਤੰਬਰ, 2019) – ਅਕਤੂਬਰ ਵਿੱਚ ਔਟਿਜ਼ਮ ਅਵੇਅਰਨੈਸ ਮੰਥ (Autism Awareness Month) ਦੇ ਮੌਕੇ ਤੇ, ਮੇਅਰ ਪੈਟਰਿਕ ਬ੍ਰਾਊਨ ਅਤੇ ਪੀਲ ਰੀਜਨਲ ਚੇਅਰ ਨੈਂਡੋ ਇਯਾਨਿਕਾ (Nando Iannicca) ਨੇ ਅੱਜ ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਟ੍ਰਾਂਸਹੈਲਪ (TransHelp) ਅਤੇ MagnusCards® (ਮੈਗਨਸਕਾਰਡਸ®) ਵਿਚਕਾਰ ਭਾਈਵਾਲੀ ਦੀ ਘੋਸ਼ਣਾ ਕੀਤੀ।

MagnusCards® ਇੱਕ ਮੁਫ਼ਤ, ਗੈਮੀਫਾਈਡ ਮੋਬਾਈਲ ਐਪ ਹੈ, ਜੋ ਵਰਤੋਕਾਰਾਂ ਨੂੰ ਕਾਰਡ ਡੈਕਸ ਨਾਮਕ ਡਾਊਨਲੋਡ ਕਰਨ ਯੋਗ ਗਾਈਡਾਂ ਰਾਹੀਂ, ਜ਼ਿੰਦਗੀ ਸਬੰਧੀ ਕਈ ਤਰ੍ਹਾਂ ਦੀਆਂ ਕੁਸ਼ਲਤਾਵਾਂ ਸਿਖਾਉਣ ਵਿੱਚ ਮਦਦ ਲਈ ਸੰਗਠਿਤ, ਕਦਮ-ਦਰ-ਕਦਮ ਮਾਰਗ ਦਰਸ਼ਨ ਪ੍ਰਦਾਨ ਕਰਦਾ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਕੋਲ ਡਾਊਨਲੋਡ ਕਰਨ ਲਈ ਸੱਤ ਕਾਰਡ ਡੈਕਸ ਉਪਲਬਧ ਹਨ: ਫੇਅਰਸ ਅਤੇ ਪ੍ਰੈਸਟੋ (Fares and PRESTO), ਪਲਾਨਿੰਗ ਯੋਰ ਟ੍ਰਿਪ (Planning Your Trip), ਹਾਓ ਟੂ ਰਾਈਡ ਦ ਬੱਸ (How to Ride the Bus), ਹਾਓ ਟੂ ਟ੍ਰਾਂਸਫਰ ਬੱਸਿਜ (How to Transfer Buses), ਰਾਈਡਿੰਗ ਦ ਬੱਸ ਵਿਦ ਯੋਰ ਐਕਸੈਸੀਬਿਲਿਟੀ ਡਿਵਾਇਸ (Riding the Bus with Your Accessibility Device), ਰਾਈਡਿੰਗ ਸੇਫਲੀ (Riding Safely), ਅਤੇ ਸਟੇਇੰਗ ਅਪ ਟੂ ਡੇਟ (Staying Up To Date)।

ਟ੍ਰਾਂਸਹੈਲਪ ਕੋਲ ਡਾਊਨਲੋਡ ਕਰਨ ਲਈ ਛੇ ਕਾਰਡ ਡੈਕਸ ਉਪਲਬਧ ਹਨ: ਹਾਓ ਟੂ ਬੁੱਕ ਅ ਟ੍ਰਿਪ (How to Book a Trip), ਹਾਓ ਟੂ ਪੇ ਫਾਰ ਯੋਰ ਟ੍ਰਿਪ (How to Pay for Your Trip), ਗੈਟ ਰੈਡੀ ਔਨ ਟ੍ਰਿਪ ਡੇ (Get Ready on Trip Day), ਰਾਈਡਿੰਗ ਔਨ ਟ੍ਰਾਂਸਹੈਲਪ (Riding on TransHelp), ਟ੍ਰੈਵਲਿੰਗ ਬੀਓਂਡ ਪੀਲਜ ਬੌਰਡਰਸ (Travelling Beyond Peel's Borders), ਅਤੇ ਹਾਓ ਟੂ ਬਾਇ ਐਂਡ ਯੂਜ ਟੈਕਸੀ ਸਕ੍ਰਿਪ (How to Buy and Use Taxi Scrip)।

ਜਿਵੇਂ ਕਿ ਬ੍ਰੈਂਪਟਨ ਟ੍ਰਾਂਜ਼ਿਟ ਦੇ 2019 ਕਸਟਮਰ ਚਾਰਟਰ (2019 Customer Charter) ਵਿੱਚ ਸੰਖੇਪ ਨਾਲ ਦਿੱਤਾ ਗਿਆ ਹੈ, ਸਿਟੀ ਖਾਸ ਬੌਧਿਕ ਲੋੜਾਂ ਵਾਲੇ ਵਿਅਕਤੀਆਂ ਅਤੇ ਜੋ ਬ੍ਰੈਂਪਟਨ ਦੀ ਟ੍ਰਾਂਜ਼ਿਟ ਪ੍ਰਣਾਲੀ ਦੀ ਹੁਣੇ ਵਰਤੋਂ ਕਰਨ ਲੱਗੇ ਹਨ, ਲਈ ਸ਼ਮੂਲੀਅਤ ਵਾਲੀ ਜਾਣਕਾਰੀ ਤਿਆਰ ਕਰਨ ਅਤੇ ਸਾਂਝਾ ਕਰਨ ਲਈ ਵਚਨਬੱਧ ਹੈ। ਇਹ ਮਹੱਤਵਪੂਰਨ ਭਾਈਵਾਲੀ, ਬ੍ਰੈਂਪਟਨ ਨੂੰ ਹਰਿਆ-ਭਰਿਆ ਸ਼ਹਿਰ (Green City) ਅਤੇ ਪੀਲ (Peel) ਨੂੰ ਅਜਿਹੀ ਕਮਿਉਨਿਟੀ ਫਾਰ ਲਾਈਫ (Community for Life) ਬਣਾਉਣਾ ਜਾਰੀ ਰੱਖਣ ਦੇ ਪ੍ਰਤੀ ਮੂਲ ਕਦਮ ਹੈ, ਜਿੱਥੇ ਲੋਕ ਆਪਣੀ ਜ਼ਿੰਦਗੀ ਦੇ ਹਰ ਪੜਾਅ ਤੇ ਵਧੀਆ ਤਰੀਕੇ ਨਾਲ ਜੀ ਸਕਣ।

www.bramptontransit.com ਤੇ ਹੋਰ ਜਾਣੋ।

**ਹਵਾਲੇ**

"ਬ੍ਰੈਂਪਟਨ ਇੱਕ ਹਰਿਆ-ਭਰਿਆ ਸ਼ਹਿਰ ਹੈ, ਅਤੇ ਅਸੀਂ ਪਹੁੰਚਯੋਗ ਟ੍ਰਾਂਜ਼ਿਟ ਪ੍ਰਣਾਲੀ ਪ੍ਰਾਪਤ ਕਰਨ ਲਈ ਵਚਨਬੱਧ ਹਾਂ। ਇਸ ਵਿੱਚ ਟ੍ਰਾਂਜ਼ਿਟ ਲੈਣ ਵਾਸਤੇ ਹਰੇਕ ਲਈ ਬਰਾਬਰ ਮੌਕੇ ਤਿਆਰ ਕਰਨਾ ਸ਼ਾਮਲ ਹੈ। MagnusCards® ਇੱਕ ਸੰਮਿਲਿਤ ਐਪ ਹੈ, ਜੋ ਉਹਨਾਂ ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ ਅਸਾਨ ਪਹੁੰਚ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ਬ੍ਰੈਂਪਟਨ ਵਿੱਚ ਅਤੇ ਪੀਲ ਵਿੱਚ ਟ੍ਰਾਂਜ਼ਿਟ ਦੀ ਵਰਤੋਂ ਕਰਨਾ ਕਾਫੀ ਮੁਸ਼ਕਲ ਲੱਗ ਸਕਦਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Mayor Patrick Brown)*

# media release

“ਨਿਵਾਸੀਆਂ ਦੀਆਂ ਲੋੜਾਂ ਵੱਖ-ਵੱਖ ਹਨ, ਇਸ ਲਈ ਸਾਡੀ ਸਹਾਇਤਾ ਵੀ ਸੰਮਿਲਿਤ ਹੋਣੀ ਲਾਜ਼ਮੀ ਹੈ। ਸਾਨੂੰ ਇਸ ਪਹਿਲਕਦਮੀ ਤੇ ਸਿਟੀ ਆਫ ਬ੍ਰੈਂਪਟਨ ਨਾਲ ਭਾਈਵਾਲੀ ਕਰਕੇ ਖੁਸ਼ੀ ਹੋ ਰਹੀ ਹੈ। ਇਹ ਸਾਰਿਆਂ ਲਈ ਯਾਤਰਾ ਦੇ ਮੌਕਿਆਂ ਵਿੱਚ ਵਾਧਾ ਕਰੇਗੀ ਅਤੇ ਨਿਵਾਸੀਆਂ ਦੀ ਆਤਮ ਨਿਰਭਰਤਾ ਨੂੰ ਵਧਾਉਣ ਵਿੱਚ ਉਹਨਾਂ ਦੀ ਮਦਦ ਕਰੇਗੀ।”

- *ਪੀਲ ਰੀਜਨਲ ਚੇਅਰ ਨੈਂਡੋ ਇਯਾਨਿਕਾ (Nando Iannicca)*

“ਮੈਗਨਸਕਾਰਡਸ, ਪਬਲਿਕ ਟ੍ਰਾਂਜ਼ਿਟ ਬਾਰੇ ਸਵਾਰੀਆਂ ਦੇ ਅਨੁਭਵ ਵਿੱਚ ਵਾਧਾ ਕਰਦੇ ਹਨ। ਅਸੀਂ ਇਸ ਪਹੁੰਚਯੋਗ ਅਤੇ ਸੰਮਿਲਿਤ ਪਹਿਲਕਦਮੀ ਤੇ ਰੀਜਨ ਆਫ ਪੀਲ ਨਾਲ ਮਿਲ ਕੇ ਕੰਮ ਕੀਤਾ ਹੈ। ਸਾਨੂੰ ਆਪਣੇ ਸ਼ਹਿਰ ਵਿੱਚ ਬ੍ਰੈਂਪਟਨ ਟ੍ਰਾਂਜ਼ਿਟ ਲਈ ਇਹ ਕਦਮ-ਦਰ-ਕਦਮ ਗਾਈਡਾਂ ਲਿਆਉਣ ਤੇ ਮਾਣ ਹੈ।”

- *ਐਲੇਕਸ ਮਿਲੋਜੇਵਿਕ (Alex Milojevic), ਜਨਰਲ ਮੈਨੇਜਰ, ਬ੍ਰੈਂਪਟਨ ਟ੍ਰਾਂਜ਼ਿਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca

**ਮੀਡੀਆ ਸੰਪਰਕ**

ਰੇਚਲ ਬ੍ਰਾਊਨ (Rachelle Brown)
ਕਮਿਉਨਿਕੇਸ਼ਨਸ ਸਪੈਸ਼ਲਿਸਟ, ਟ੍ਰਾਂਸਹੈਲਪ
905.460.6784 | rachelle.brown@peelregion.ca